ਪੰਜਾਬ ਸਰਕਾਰ
ਯੋਜਨਾਬੰਦੀ ਵਿਭਾਗ
(ਸਥਾਨਕ ਯੋਜਨਾ ਸ਼ਾਖਾ)

ਸੇਵਾ ਵਿਖੇ

ਰਾਜ ਦੇ ਸਮੂਹ ਡਿਪਟੀ ਕਮਿਸ਼ਨਰ ।

ਮੀਮੋ ਨੰ: 1/21-ਪਸਪਬ-ਖੋ.ਅ.(ਸ.ਯੋ-ਡੀ.ਆਈ.ਐਫ.)-2011-12/ 8533.
ਮਿਤੀ: ਚੰਡੀਗੜ੍ਹ ........18/11/11..........

ਵਿਸ਼ਾ:- ਪਲਾਨ ਸਕੀਮ ਪੀ.ਐਮ 22 "ਡਿਸਟ੍ਰਿਕਟ ਇਨੋਵੇਸ਼ਨ ਫੰਡ (13ਵੇਂ ਵਿੱਤ ਕਮਿਸ਼ਨ)" ਅਧੀਨ ਸਾਲ 2011-12 ਦੌਰਾਨ ਰਾਸ਼ੀ ਜਾਰੀ ਕਰਨ ਬਾਰੇ।

ਰਾਜਪਾਲ, ਪੰਜਾਬ ਜੀ ਪਲਾਨ ਸਕੀਮ ਪੀ.ਐਮ 22 "ਡਿਸਟ੍ਰਿਕਟ ਇਨੋਵੇਸ਼ਨ ਫੰਡ (13ਵੇਂ ਵਿੱਤ ਕਮਿਸ਼ਨ)" ਅਧੀਨ ਪਹਿਲੀ ਕਿਸ਼ਤ ਵਜੋਂ ਰਾਜ ਦੇ ਸਮੂਹ 22 ਜ਼ਿਲ੍ਹਿਆਂ ਨੂੰ 5.00 ਕਰੋੜ ਰੁਪਏ (ਕੇਵਲ ਪੰਜ ਕਰੋੜ ਰੁਪਏ) ਦੀ ਰਾਸ਼ੀ ਹੇਠ ਦਿੱਤੇ ਵੇਰਵੇ ਅਨੁਸਾਰ ਜਾਰੀ ਕਰਨ ਅਤੇ 100 ਪ੍ਰਤੀਸ਼ਤ ਖਰਚਾ ਕਰਨ ਸਬੰਧੀ ਪ੍ਰਸੰਨਤਾ ਪੂਰਵਕ ਪ੍ਰਵਾਨਗੀ ਇਸ ਸ਼ਰਤ ਤੇ ਦਿੰਦੇ ਹਨ ਕਿ ਇਹ ਰਾਸ਼ੀ ਨਾਲ ਨੱਥੀ ਅਨੁਲੱਗ 'ੳ' ਵਿਚ ਫੰਡਾਂ ਨੂੰ ਇਸਤੇਮਾਲ ਕਰਨ ਸਬੰਧੀ ਦਰਸਾਈਆਂ ਅਗਵਾਹੀ ਲੀਹਾਂ ਅਨੁਸਾਰ ਹੀ ਖਰਚ ਕੀਤੀ ਜਾਵੇਗੀ। ਇਸ ਰਾਸ਼ੀ ਵਿਚ ਸਪੈਸ਼ਲ ਕੰਪੋਨੈਂਟ ਪਲਾਨ ਦਾ ਹਿੱਸਾ ਵੀ ਸ਼ਾਮਿਲ ਹੈ :-

| ਲੜੀ ਨੰ: | ਜ਼ਿਲ੍ਹੇ ਦਾ ਨਾਂ | ਰਾਸ਼ੀ (ਰੁਪਏ ਵਿਚ) |
|---|---|---|
| 1. | ਗੁਰਦਾਸਪੁਰ | 22,72,727/- |
| 2. | ਅੰਮ੍ਰਿਤਸਰ | 22,72,733/- |
| 3. | ਤਰਨਤਾਰਨ | 22,72,727/- |
| 4. | ਕਪੂਰਥਲਾ | 22,72,727/ |
| 5. | ਜਲੰਧਰ | 22,72,727/ |
| 6. | ਸ਼ਹੀਦ ਭਗਤ ਸਿੰਘ ਨਗਰ | 22,72,727/ |
| 7. | ਹੁਸ਼ਿਆਰਪੁਰ | 22,72,727/ |
| 8. | ਰੂਪ ਨਗਰ | 22,72,727/ |
| 9. | ਐਸ.ਏ.ਐਸ.ਨਗਰ | 22,72,727/ |
| 10. | ਲੁਧਿਆਣਾ | 22,72,727/ |
| 11. | ਫਿਰੋਜ਼ਪੁਰ | 22,72,727/ |
| 12. | ਫਰੀਦਕੋਟ | 22,72,727/ |
| 13. | ਸ੍ਰੀ ਮੁਕਤਸਰ ਸਾਹਿਬ | 22,72,727/ |
| 14. | ਮੋਗਾ | 22,72,727/ |
| 15. | ਬਠਿੰਡਾ | 22,72,727/ |
| 16. | ਮਾਨਸਾ | 22,72,727/ |
| 17. | ਸੰਗਰੂਰ | 22,72,727/ |
| 18. | ਬਰਨਾਲਾ | 22,72,727/ |
| 19. | ਪਟਿਆਲਾ | 22,72,727/ |
| 20. | ਸ੍ਰੀ ਫਤਿਹਗੜ੍ਹ ਸਾਹਿਬ | 22,72,727/ |
| 21. | ਫਾਜ਼ਿਲਕਾ | 22,72,727/ |
| 22. | ਪਠਾਨਕੋਟ | 22,72,727/ |
| | ਕੁੱਲ ਜੋੜ :- | **5,00,00,000/-** |

2. ਇਹ ਰਾਸ਼ੀ ਵਿੱਤ ਵਿਭਾਗ ਦੇ ਅ.ਵਿ.ਪੱ ਨੰ 3/65/11-1ਵਿਖ6/2780 ਮਿਤੀ 09/11/2011 ਰਾਹੀਂ ਦਿੱਤੀ ਪ੍ਰਵਾਨਗੀ ਅਨੁਸਾਰ ਜਾਰੀ ਕੀਤੀ ਜਾਂਦੀ ਹੈ।

ਇਹ ਮੰਨਜ਼ੂਰੀ ਹੇਠ ਲਿਖੀਆਂ ਸ਼ਰਤਾਂ ਅਨੁਸਾਰ ਜਾਰੀ ਕੀਤੀ ਜਾਂਦੀ ਹੈ:-

(1) ਇਹ ਖਰਚਾ ਮੁੱਖ ਮੱਦ 5475-ਹੋਰ ਆਮ ਆਰਥਿਕ ਸੇਵਾਵਾਂ ਤੇ ਪੂੰਜੀਗਤ ਲਾਗਤ-112-ਅੰਕੜੇ-50-ਹੋਰ ਖਰਚੇ ਅਧੀਨ ਸਾਲ 2011-12 ਦੌਰਾਨ ਪਲਾਨ ਸਕੀਮ ਪੀ.ਐਮ 22 ''ਡਿਸਟ੍ਰਿਕਟ ਇਨੋਵੇਸ਼ਨ ਫੰਡ (13ਵੇਂ ਵਿੱਤ ਕਮਿਸ਼ਨ)'' ਅਧੀਨ ਕੀਤੇ ਬੱਜਟ ਉਪਬੰਧ ਵਿਚੋਂ ਕੀਤਾ ਜਾਵੇਗਾ।

(2) ਇਹ ਰਾਸ਼ੀ ਵਿੱਤ ਮੰਤਰਾਲਿਆ ਭਾਰਤ ਸਰਕਾਰ ਦੇ ਪੱਤਰ ਨੰ: ਐਫ ਨੰ: 37(1)ਐਫ.ਸੀ.ਡੀ./2010 ਮਿਤੀ 15/3/2011 ਰਾਹੀਂ ਜਾਰੀ ਕੀਤੀਆਂ ਅਗਵਾਹੀ ਲੀਹਾਂ ਅਨੁਸਾਰ ਮੁੱਖ ਸਕੱਤਰ, ਪੰਜਾਬ ਸਰਕਾਰ ਦੀ ਪ੍ਰਧਾਨਗੀ ਹੇਠ ਮਿਤੀ 19/8/2011 ਨੂੰ ਹੋਈ ਹਾਈ ਲੈਵਲ ਕਮੇਟੀ ਦੀ ਮੀਟਿੰਗ ਵਿਚ ਹੋਏ ਫੈਸਲੇ/ਕਾਰਵਾਈ ਰਿਪੋਰਟ (ਅਨੁਲੱਗ 'ੳ') ਦੇ ਅਨੁਸਾਰ ਹੀ ਖਰਚ ਕੀਤੀ ਜਾਵੇਗੀ।

(3) ਸਬੰਧਤ ਵਿਭਾਗ/ਕਾਰਜਕਾਰੀ ਏਜੰਸੀ ਦੀ ਜਿੰਮੇਵਾਰੀ ਹੋਵੇਗੀ ਕਿ ਖਜ਼ਾਨੇ ਵਿਚੋਂ ਰਾਸ਼ੀ ਅਸਲ ਲੋੜ ਅਨੁਸਾਰ ਹੀ ਡਰਾਅ ਕਰਵਾਈ ਜਾਵੇ।

(4) ਰਾਸ਼ੀ ਸਿਰਫ ਉਸ ਮੰਤਵ ਲਈ ਹੀ ਖਰਚ ਕੀਤੀ ਜਾਵੇਗੀ ਜਿਸ ਮੰਤਵ ਲਈ ਇਹ ਰਾਸ਼ੀ ਜ਼ਾਰੀ ਕੀਤੀ ਗਈ ਹੈ ਅਤੇ ਇਸ ਤੋਂ ਇਲਾਵਾ ਕਿਸੇ ਹੋਰ ਮੰਤਵ ਲਈ ਇਹ ਰਾਸ਼ੀ ਖਰਚ ਕਰਨ ਦੀ ਆਗਿਆ ਨਹੀਂ ਹੋਵੇਗੀ।

(5) ਨਿੱਜੀ ਸੰਸਥਾਵਾਂ/ਸਵੈ-ਇੱਛਾ ਸੰਗਠਨਾਂ ਨੂੰ ਕੋਈ ਰਾਸ਼ੀ ਜ਼ਾਰੀ ਨਹੀਂ ਕੀਤੀ ਜਾਵੇਗੀ ਅਤੇ ਕੰਮ ਸਰਕਾਰੀ ਏਜੰਸੀ ਦੁਆਰਾ ਹੀ ਕਰਵਾਇਆ ਜਾਵੇ।

(6) ਖਰਚੇ ਨੂੰ ਮਹਾਂਲੇਖਾਕਾਰ, ਪੰਜਾਬ ਦੇ ਦਫ਼ਤਰ ਨਾਲ ਮਿਲਾਨ ਕਰਵਾਉਣਾ ਯਕੀਨੀ ਬਣਾਇਆ ਜਾਵੇ।

(7) ਸਬੰਧਤ ਵਿਭਾਗ/ਕਾਰਜਕਾਰੀ ਏਜੰਸੀ ਤੋਂ ਰਲੀਜ ਕੀਤੇ ਗਏ ਫੰਡਾਂ ਦੇ ਖਪਤ ਸਰਟੀਫਿਕੇਟ ਜਿੰਨੀ ਜਲਦੀ ਹੋ ਸਕੇ, ਪ੍ਰਾਪਤ ਕੀਤੇ ਜਾਣ ।

(8) ਜਿੱਥੇ ਜਰੂਰੀ ਹੋਵੇ, ਰਾਸੀ ਜ਼ਾਰੀ ਕਰਨ ਤੋਂ ਪਹਿਲਾਂ ਲਾਗਤ ਦੇ ਤਖ਼ਮੀਨੇ ਅਧਿਕਾਰਤ ਅਥਾਰਟੀ ਤੋਂ ਪ੍ਰਵਾਨ ਕਰਵਾਏ ਜਾਣ।

ਵਧੀਕ ਸਕੱਤਰ ਯੋਜਨਾ

ਪਿੱਠ ਅੰਕਣ 1/21-ਪਸਪਬ-ਖੋ.ਅ.(ਸ.ਯੋ-ਡੀ.ਆਈ.ਐਫ.)-2011-12/8534-45 ਮਿਤੀ: 18/11/11

ਇਸ ਦਾ ਇੱਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

1. ਪ੍ਰਮੁੱਖ ਸਕੱਤਰ ਵਿੱਤ, ਪੰਜਾਬ।
2. ਸਕੱਤਰ ਖਰਚਾ, ਵਿੱਤ ਵਿਭਾਗ, ਪੰਜਾਬ।
3. ਡਾਇਰੈਕਟਰ, ਖਜ਼ਾਨਾ ਅਤੇ ਲੇਖਾ, ਵਿੱਤ ਵਿਭਾਗ, ਪੰਜਾਬ, ਚੰਡੀਗੜ੍ਹ।
4. ਆਰਥਿਕ ਸਲਾਹਕਾਰ, ਪੰਜਾਬ ਸਰਕਾਰ।
5. ਡਾਇਰੈਕਟਰ-ਕਮ-ਸੰਯੁਕਤ ਸਕੱਤਰ, ਸਡਿਊਲਡ ਕਾਸਟਸ ਸਬ ਪਲਾਨ, ਭਲਾਈ ਵਿਭਾਗ, ਸੈਕਟਰ 34, ਚੰਡੀਗੜ੍ਹ।
6. ਮਹਾਂਲੇਖਾਕਾਰ(ਏ ਐਂਡ ਈ), ਪੰਜਾਬ, ਚੰਡੀਗੜ੍ਹ।
7. ਮਹਾਂਲੇਖਾਕਾਰ(ਆਡਿਟ), ਪੰਜਾਬ, ਚੰਡੀਗੜ੍ਹ।
8. ਸਮੂਹ ਜ਼ਿਲ੍ਹਾ ਖਜ਼ਾਨਾ ਅਫ਼ਸਰ।
9. ਸਮੂਹ ਉਪ ਅਰਥ ਤੇ ਅੰਕੜਾ ਸਲਾਹਕਾਰ।
10. ਸਮੂਹ ਡਿਪਟੀ ਕੰਟਰੋਲਰ(ਐਫ ਐਂਡ ਏ), ਅੰਦਰੂਨੀ ਆਡਿਟ ਸੰਸਥਾ।
11.. ਡਿਪਟੀ ਡਾਇਰੈਕਟਰ, ਡਾਇਰੈਕਟੋਰੇਟ ਵਿੱਤੀ ਸਾਧਨ ਅਤੇ ਆਰਥਿਕ ਜਾਣਕਾਰੀ, ਕਮਰਾ ਨੰ: 20, 7ਵੀਂ ਮੰਜਿਲ, ਪੰਜਾਬ ਸਿਵਲ ਸਕੱਤਰੇਤ।

ਵਧੀਕ ਸਕੱਤਰ ਯੋਜਨਾ